
# ਚਾਨਣ ਦੀ ਟਿਹਰੀ




ਭਾਸ਼ਾ ਵਿਭਾਗ, ਪੰਜਾਬ

# ਚਾਨਣ ਦੀ ਟਹਿਣੀ

ਮਨਮੋਹਨ ਸਿੰਘ ਦਾਊਂ

ਭਾਸ਼ਾ ਵਿਭਾਗ, ਪੰਜਾਬ

CHANAN DI TEHNI *(In Punjabi)*

Manmohan Singh Daun

ਚਾਨਣ ਦੀ ਟਹਿਣੀ

ਮਨਮੋਹਨ ਸਿੰਘ ਦਾਊਂ

© : ਭਾਸ਼ਾ ਵਿਭਾਗ, ਪੰਜਾਬ

ਪਹਿਲੀ ਐਡੀਸ਼ਨ : 1996

ਕਾਪੀਆਂ : 2000

ਕੀਮਤ : 19

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

ਛਾਪਕ : ਅਜ਼ਾਦ ਅਵਾਜ਼ ਪ੍ਰਿੰਟਰਜ਼, ਪਟਿਆਲਾ

ਰਾਹੀਂ : ਕੰਟਰੋਲਰ, ਛਪਾਈ ਤੇ ਸਟੇਸ਼ਨਰੀ ਵਿਭਾਗ, ਪੰਜਾਬ

## ਦੋ ਸ਼ਬਦ

ਭਾਸ਼ਾ ਵਿਭਾਗ ਜਿਥੇ ਪੰਜਾਬੀ ਬੱਚਿਆਂ ਦੀ ਗਿਆਨ ਪੂਰਤੀ ਲਈ ਵੱਖ ਵੱਖ ਸੀਰੀਜ਼ ਅਧੀਨ ਵਧੀਆ ਤੇ ਸੱਚਿਤਰ ਪੁਸਤਕਾਂ ਲਿਖਵਾ ਰਿਹਾ ਹੈ ਉਥੇ ਬਾਲ ਸਾਹਿਤ ਦੇ ਲੇਖਕਾਂ ਨੂੰ ਉਤਸ਼ਾਹਿਤ ਕਰਨ ਲਈ ਵੀ ਕਈ ਸਕੀਮਾਂ ਬਣਾਈਆਂ ਹਨ। ਇਸ ਆਸ਼ੇ ਦੀ ਪੂਰਤੀ ਲਈ ਬਾਲ ਸਾਹਿਤ ਦੇ ਖਰੜਿਆਂ ਦਾ ਇਨਾਮੀ ਮੁਕਾਬਲਾ ਕਰਵਾਇਆ ਜਾਂਦਾ ਹੈ। ਪਹਿਲੇ ਤੇ ਦੂਜੇ ਨੰਬਰ ਤੇ ਆਏ ਖਰੜਿਆਂ ਨੂੰ ਵਿਭਾਗ ਆਪਣੇ ਖਰਚ ਤੇ ਛਪਵਾਉਣ ਦੀ ਖੁਸ਼ੀ ਲੈਂਦਾ ਹੈ।

ਇਸ ਲੜੀ ਅਧੀਨ ਸ੍ਰੀ ਮਨਮੋਹਨ ਸਿੰਘ ਦਾਊਂ ਦਾ ਖਰੜਾ 'ਚਾਨਣ ਦੀ ਟਹਿਣੀ' ਦੂਜੇ ਨੰਬਰ ਤੇ ਰਿਹਾ ਹੈ। ਭਾਸ਼ਾ ਵਿਭਾਗ ਇਹ ਪੁਸਤਕ ਬਾਲ-ਪਾਠਕਾਂ ਨੂੰ ਭੇਟਾ ਕਰਨ ਦਾ ਮਾਣ ਲੈ ਰਿਹਾ ਹੈ। ਆਸ ਹੈ ਪਾਠਕ ਇਸ ਪੁਸਤਕ ਦਾ ਨਿੱਘਾ ਸੁਆਗਤ ਕਰਨਗੇ।

ਡਾ. ਮਦਨ ਲਾਲ ਹਸੀਜਾ
ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ

# ਤਤਕਰਾ


| ਲੜੀ ਨੰ: | ਰਚਨਾ | ਪੰਨਾ |
|---|---|---|
| 1. | ਸਾਡੀ ਸਾਂਝੀ ਭਾਰਤ ਮਾਂ | 1 |
| 2. | ਸੂਰਜ ਦਾ ਗੀਤ | 3 |
| 3. | ਲੋਹੜੀ ਦਾ ਗੀਤ | 5 |
| 4. | ਬਾਲ ਖੇਡਾਂ | 6 |
| 5. | ਬੱਦਲਾ, ਬੱਦਲਾ ਮੀਂਹ ਵਰਾ | 8 |
| 6. | ਰੰਗ-ਰੰਗੀਲੇ ਗੁਬਾਰੇ | 10 |
| 7. | ਵਿੱਦਿਆ ਦਾ ਗਹਿਣਾ | 11 |
| 8. | ਰੱਖੜੀ | 12 |
| 9. | ਰੁੱਤ ਛੱਲੀਆਂ ਦੀ ਆਈ | 13 |
| 10. | ਹੋਲੀ ਖ਼ੂਬ ਮਨਾਈਏ | 15 |
| 11. | ਸਾਂਝੀ ਛਾਂ | 16 |
| 12. | ਬਾਲ-ਗੀਤ | 18 |
| 13. | ਪੰਛੀ ਪਿਆਰੇ ਲਗਦੇ | 19 |
| 14. | ਆ ਨੀਂ ਧੁੱਪੇ | 20 |
| 15. | ਸਮੇਂ ਨੂੰ ਸੰਭਾਲ | 22 |
| 16. | ਤਿੱਤਲੀ | 24 |
| 17. | ਚਾਨਣ ਦੀਆਂ ਫਲੀਆਂ | 25 |
| 18. | ਸੜਕ ਦੇ ਨਿਯਮ | 27 |
| 19. | ਟੈਲੀਵਿਜ਼ਨ | 28 |
| 20. | ਚਾਨਣ ਦਾ ਤਿਉਹਾਰ ਦੀਵਾਲੀ | 30 |
| 21. | ਬੱਦਲਾ ਮੇਰਾ ਆੜੀ ਬਣਕੇ | 32 |
| 22. | ਕਿੱਕਲੀ | 33 |
| 23. | ਆਓ ਹਾਣੀਓਂ | 35 |
| 24. | ਸਭ ਦਾ ਸਾਂਝਾ ਨਾਨਕ | 36 |
| 25. | ਕਿਰਤੀ ਬਾਬਾ | 38 |
| 26. | ਥਾਲ | 39 |
| 27. | ਸੁਣ ਕੁੱਕੜੂੰ - ਘੜੂੰ | 41 |
| 28. | ਫੁਲਕਾਰੀ | 43 |
| 29. | ਪੇਂਡੂ ਬਚਪਨ ਦੀਆਂ ਯਾਦਾਂ | 45 |
| 30. | ਬੰਦਿਆਂ 'ਚ ਰੱਬ ਵਸਦਾ | 47 |

# ਸਾਡੀ ਸਾਂਝੀ ਭਾਰਤ ਮਾਂ

ਭਾਰਤ ਸਾਡੀ ਸਾਂਝੀ ਮਾਂ,
ਮਾਂ ਹੁੰਦੀ ਹੈ ਠੰਡੀ ਛਾਂ ।
ਇਸਦੇ ਹਰੇ ਭਰੇ ਨੇ ਬੇਲੇ,
ਸਭ ਧਰਮਾਂ ਦੇ ਲੱਗਣ ਮੇਲੇ ।
ਪੁੱਤਰ ਇਸਦੇ ਹਨ ਅਲਬੇਲੇ,
ਕਦੇ ਨਾ ਡਰਦੇ ਔਕੜ ਵੇਲੇ ।
ਮਾਂ ਦੀਆਂ ਸਿਫ਼ਤਾਂ ਕਿੰਝ ਕਰਾਂ,
ਮਾਂ ਹੁੰਦੀ ਹੈ ਠੰਡੀ ਛਾਂ ।
ਉੱਚਾ ਉੱਤਰ ਵਿਚ ਹਿਮਾਲਾ,
ਦੇਸ਼ ਦੀ ਦੌਲਤ ਦਾ ਰਖਵਾਲਾ ।
ਸੂਰਜ ਚੜ੍ਹੇ, ਤਾਂ ਹੋਏ ਉਜਾਲਾ,
ਗੰਗਾ ਗਾਉਂਦੀ ਗੀਤ ਨਿਰਾਲਾ ।
ਵੱਸਣ ਇਸਦੇ ਸ਼ਹਿਰ ਗਿਰਾਂ,
ਮਾਂ ਹੁੰਦੀ ਹੈ ਠੰਡੀ ਛਾਂ ।
ਪੈਰ ਏਸਦੇ ਸਾਗਰ ਚੁੰਮੇ,
ਖੇਤ ਅਸਾਡੇ ਰਹਿਣ ਨਾ ਸੁੰਨੇ ।
ਖੁਸ਼ੀਆਂ ਦੀ ਹਵਾ ਏਥੇ ਘੁੰਮੇ,
ਇਸਦਾ ਨਾਂ ਦੁਨੀਆ ਵਿਚ ਧੁੰਮੇ ।
ਇਸ ਵਰਗੀ ਨਾ ਕੋਈ ਥਾਂ,
ਮਾਂ ਹੁੰਦੀ ਹੈ ਠੰਡੀ ਛਾਂ ।

ਆਓ ਕੌਮੀ ਨਗ਼ਮੇਂ ਗਾਈਏ,
ਗਿੱਧਾ, ਭੰਗੜਾ, ਝੂੰਮਰ ਪਾਈਏ ।
ਝਗੜੇ, ਝੇੜੇ ਦੂਰ ਭਜਾਈਏ,
ਮਿਲਕੇ ਰਹੀਏ ਸਾਂਝ ਵਧਾਈਏ ।

ਮੈਂ ਇਕ ਚੰਗਾ ਬਾਲ ਬਣਾਂ,
ਮਾਂ ਹੁੰਦੀ ਹੈ ਠੰਡੀ ਛਾਂ ।

ਭਾਰਤ ਸਾਡੀ ਸਾਂਝੀ ਮਾਂ,
ਮਾਂ ਹੁੰਦੀ ਹੈ ਠੰਡੀ ਛਾਂ ॥

# ਸੂਰਜ ਦਾ ਗੀਤ

ਸੂਰਜਾ, ਸੂਰਜਾ ਧੁੱਪ ਚੜ੍ਹਾ,
ਸਾਡੀ ਝੋਲੀ ਚਾਨਣ ਪਾ ।

ਜਾਗੇ ਸੁੱਤੀ ਕੁਦਰਤ ਸਾਰੀ,
ਪੰਛੀ ਉੱਡਣ ਮਾਰ ਉਡਾਰੀ,
ਰੁਮਕੇ ਸੰਦਲੀ ਪੌਣ ਪਿਆਰੀ,
ਤੇਰੀ ਚੜ੍ਹਦੀ ਲਾਲੀ ਤੱਕ ਕੇ,
ਗਿਆ ਹਨੇਰਾ ਅੱਖ ਬਚਾ,

ਸੂਰਜਾ, ਸੂਰਜਾ ਧੁੱਪ ਚੜ੍ਹਾ,
ਸਾਡੀ ਝੋਲੀ ਚਾਨਣ ਪਾ ।

ਨੀਲਾ ਅੰਬਰ ਖਿੜ ਖਿੜ ਹੱਸੇ,
ਧਰਤ ਸੁਹਾਵੀ ਜੁਗ ਜੁਗ ਵੱਸੇ,
ਕੋਈ ਕਿਸੇ ਦਾ ਹੱਕ ਨਾ ਖੱਸੇ,
ਸੋਨੇ ਰੰਗੀਆਂ ਕਿਰਨਾਂ ਤੱਕ ਕੇ
ਸਾਡੇ ਮਨ ਨੂੰ ਚੜ੍ਹਿਆ ਚਾਅ,

ਸੂਰਜਾ, ਸੂਰਜਾ ਧੁੱਪ ਚੜ੍ਹਾ,
ਸਾਡੀ ਝੋਲੀ ਚਾਨਣ ਪਾ ।

ਘੁੱਗ ਵਸੇ ਪੰਜਾਬ ਪਿਆਰਾ,
ਸਭ ਦੇਸ਼ਾਂ ਤੋਂ ਰਹੇ ਨਿਆਰਾ,
ਵਿਗਸੇ ਇਸਦਾ ਭਾਈਚਾਰਾ,
ਤੇਰੇ ਚਾਨਣ ਦੇ ਸੰਗ ਹੱਸਣ,
ਝੀਲਾਂ, ਪਰਬਤ ਤੇ ਦਰਿਆ ।

ਸੂਰਜਾ, ਸੂਰਜਾ ਧੁੱਪ ਚੜ੍ਹਾ,
ਸਾਡੀ ਝੋਲੀ ਚਾਨਣ ਪਾ।

ਮੈਂ ਵੀ ਤੈਥੋਂ ਚਾਨਣ ਮੰਗਾਂ,
ਹਰ ਔਕੜ ਨੂੰ ਚੀਰਕੇ ਲੰਘਾਂ,
ਸਭ ਦੇ ਖਾਤਰ ਖੁਸ਼ੀਆਂ ਵੰਡਾਂ,
ਹੇ ਚਾਨਣ ਦੇ ਸਾਂਝੇ ਦਾਤਾ
ਸੁੱਤਿਆਂ ਲੋਕਾਂ ਤਾਈਂ ਜਗਾ।

ਸੂਰਜਾ, ਸੂਰਜਾ ਧੁੱਪ ਚੜ੍ਹਾ,
ਸਾਡੀ ਝੋਲੀ ਚਾਨਣ ਪਾ॥

# ਲੋਹੜੀ ਦਾ ਗੀਤ

ਆ ਗਈ ਏ ਲੋਹੜੀ ਖਾਵਾਂਗੇ ਰਿਓੜੀਆਂ,
ਵੀਰਾਂ ਦੀਆਂ ਭੈਣਾਂ ਸਦਾ ਗਾਉਣ ਘੋੜੀਆਂ ।
ਮੰਗ ਲਵੋ ਲੋਹੜੀ ਬੰਨ, ਬੰਨ, ਟੋਲੀਆਂ,
ਖੁਸ਼ੀਆਂ ਮਨਾਓ ਨਾਲੇ ਪਾਓ ਬੋਲੀਆਂ ।
ਤਿਲਾਂ ਦੇ ਤਲੂੰਏ, ਗੱਚਕਾਂ ਵੀ ਖਾਵਾਂਗੇ,
ਮੂੰਗਫਲੀ, ਭੁੱਗੇ ਦੇ ਪਚਾਕੇ ਲਾਵਾਂਗੇ ।
ਦੁੱਲਾ - ਭੱਟੀ ਵਾਲਾ ਚਲੋ ਗੀਤ ਗਾ ਲਈਏ,
ਸੇਕੀਏ ਇਕੱਠੇ ਬੈਠ ਲੋਹੜੀ ਬਾਲੀਏ ।
ਨੱਸੇਗਾ ਦਲਿੱਦਰ, ਉੱਦਮ ਆ ਜਾਵੇਗਾ,
ਏਕਤਾ ਪਿਆਰ ਵਾਲਾ ਜਿੱਤ ਪਾਵੇਗਾ ।
ਲੋਹੜੀ ਵਾਲਾ ਨਿੱਘ ਸੱਭੇ ਥਾਂਈਂ ਵੰਡੀਏ,
ਈਰਖਾ, ਕ੍ਰੋਧ ਵੈਰ ਦਿਲੋਂ ਛੰਡੀਏ ।
ਚਾਈਂ ਚਾਈਂ ਖੁਸ਼ੀਆਂ ਦੀ ਲੋਹੜੀ ਮਾਣੀਏ,
ਦੂਜੇ ਉੱਤੇ ਛਤਰੀ ਸੁੱਖਾਂ ਦੀ ਤਾਣੀਏ ॥

# ਬਾਲ ਖੇਡਾਂ

ਰਲਕੇ ਖੇਡਾਂ ਖੇਡਣ ਬੱਚੇ,
ਭੋਲੇ ਭਾਲੇ ਦਿਲ ਦੇ ਸੱਚੇ ।
ਗਲੀਆਂ ਦੇ ਵਿਚ ਰੌਲਾ ਪਾਵਣ,
ਨਾਲ ਖੁਸ਼ੀ ਦੇ ਹੇਕਾਂ ਲਾਵਣ ।
ਨੱਚਣ, ਟੱਪਣ, ਮਾਰਨ ਤਾੜੀ,
ਬਣ ਜਾਂਦੇ ਝੱਟ ਪੱਕੇ ਆੜੀ ।
ਇਕ ਦੂਜੇ ਨੂੰ ਹਾਕਾਂ ਮਾਰਨ,
ਸਾਥ ਮੜਿਕ ਕੇ ਦਾਈ ਤਾਰਨ ।
ਲੁੱਕਣ - ਮੀਚੀ ਖੇਡਦੇ ਨੱਸਣ,
ਲੱਭਣ ਪਿਛੋਂ ਖਿੜ ਖਿੜ ਹੱਸਣ ।
ਖੇਡਣ ਕੋਟਲਾ ਛਪਾਕੀ,
ਘੁੰਮੇ ਇਕ ਤੇ ਬੈਠਣ ਬਾਕੀ ।
ਘੁੱਗੂ - ਕਾਂਗੜੇ ਖੇਡ ਨਿਆਰੀ,
ਸਭ ਨੂੰ ਲੱਗੇ ਬੜੀ ਪਿਆਰੀ ।
ਖੇਡਣ ਰਲਕੇ ਖੂਬ ਕਬੱਡੀ,
ਧਰਤੀ ਤੇ ਨਾ ਲਾਵਣ ਅੱਡੀ ।
ਕਦੇ ਪਿੱਠੂ ਦੀ ਖੇਡ ਰਚਾਵਣ,
ਗੇਂਦ ਮਾਰਕੇ ਪਿੱਠੂ ਢਾਵਣ ।
ਅੰਨ੍ਹਾ ਝੋਟਾ ਬਣ ਬਣ ਭੱਜਣ,
ਪੀਚੋ ਖੇਡ ਕੇ ਕਦੇ ਨਾ ਰੱਜਣ ।



ਕਦੇ ਬੈਠ ਕੇ ਸੁਣਨ ਕਹਾਣੀ,
ਕਦੇ ਖੇਡਦੇ ਲੂਣ - ਮਧਾਣੀ ।
ਭੰਡਾ ਭੰਡਾਰੀਆ ਕਿੰਨਾ ਕੁ ਬੋਝ,
ਖੇਡਣ ਮਿਲਕੇ ਸ਼ਾਮੀ ਰੋਜ਼ ।
ਰੱਸੀ ਟੱਪਾ ਖੇਡਣ ਕੁੜੀਆਂ,
ਗੀਟੇ ਖੇਡਣ ਵਿਹੜੇ ਜੁੜੀਆਂ ।
ਹੋਰ ਵੀ ਖੇਡਾਂ ਖੇਡਣ ਬਾਲਕ,
ਆਪਣੀ ਹੀ ਮਰਜ਼ੀ ਦੇ ਮਾਲਕ ।
ਚੇਤੇ ਆਵੇ ਬਚਪਨ ਪਿਆਰਾ,
ਖੇਡਾਂ ਦਾ ਸੀ ਬੜਾ ਨਜ਼ਾਰਾ ।
ਰਲਕੇ ਖੇਡਾਂ ਖੇਡਣ ਬੱਚੇ,
ਭੋਲੇ ਭਾਲੇ ਦਿਲ ਦੇ ਸੱਚੇ ॥

# ਬੱਦਲਾ ਬੱਦਲਾ ਮੀਂਹ ਵਰਾ

ਬੱਦਲਾ ਬੱਦਲਾ ਮੀਂਹ ਵਰਾ,
ਸਾਵਾ ਸਾਵਣ ਚੜ੍ਹਿਆ ਆ ।
ਧਰਤੀ, ਪੌਣ ਗਏ ਨਸ਼ਿਆ,
ਮਿੱਡਰਾ ਮੋਰਾ ਪੈਲਾਂ ਪਾ,
ਕੋਇਲੇ ਭੈਣੇ ਗੀਤ ਸੁਣਾ,
ਵੀਰ ਪਪੀਹੇ ਤੂੰ ਵੀ ਗਾ ।
ਬੱਦਲਾ ਬੱਦਲਾ ਮੀਂਹ ਵਰਾ,
ਤੱਕ ਕੇ ਤੈਨੂੰ ਚੜ੍ਹਿਆ ਚਾਅ,
ਠੰਡੀ ਠੰਡੀ ਪੌਣ ਚਲਾ,
ਛਮ ਛਮ ਕਰਕੇ ਵਿਹੜੇ ਆ,
ਭਰਦੇ ਛੱਪੜ ਤੇ ਦਰਿਆ
ਅੰਬਰੀ ਚੜ੍ਹਕੇ ਆਈ ਘਟਾ ।
ਬੱਦਲਾ ਬੱਦਲਾ ਮੀਂਹ ਵਰਾ,
ਸਭ ਦੀ ਕੋਠੀ ਦਾਣੇ ਪਾ,
ਲਹਿਰੇ ਹਰ ਇਕ ਖੇਤ ਹਰਾ
ਝੂਮਣ ਮੱਕੀ, ਚਰੀ, ਕਪਾਹ,
ਹੱਸਣ ਫੁੱਲ ਬੂਟੇ ਤੇ ਘਾਹ
ਪੰਛੀ ਉੱਡਣ ਵਿਚ ਹਵਾ ।
ਬੱਦਲਾ ਬੱਦਲਾ ਮੀਂਹ ਵਰਾ,
ਆਖੇ ਤੈਨੂੰ ਬਾਲ - ਸਭਾ,

ਗਰਮੀ ਤੋਂ ਖਹਿੜਾ ਛਡਵਾ
ਚਾਰ ਚੁਫੇਰੇ ਰੁਣ - ਝੁਣ ਲਾ,
ਖੇੜਾ ਖੁਸ਼ੀਆਂ ਤੂੰ ਵਰਤਾਅ
ਨੱਚਣ ਕੁੱਦਣ ਮਨ ਕਾ ਚਾਅ ।
ਬੱਦਲਾ ਬੱਦਲਾ ਮੀਂਹ ਵਰਾ,
ਸਭ ਦੀ ਕੋਠੀ ਦਾਣੇ ਪਾ ॥

# ਰੰਗ - ਰੰਗੀਲੇ ਗੁਬਾਰੇ

ਗਲੀ ਅਸਾਡੇ ਭਾਈ ਆਇਆ
ਵੇਚਣ ਲਈ ਗੁਬਾਰੇ,
ਸੁਣਕੇ ਹੋਕਾ ਨਿੱਕੇ ਬੱਚੇ,
ਕੱਠੇ ਹੋ ਗਏ ਸਾਰੇ ।

ਰੰਗ - ਰੰਗੀਲੇ ਤੱਕ ਗੁਬਾਰੇ
ਬੱਚਿਆਂ ਖੁਸ਼ੀ ਮਨਾਈ,
ਰਿੱਕੀ, ਕੁੱਕੀ, ਲਾਲੀ, ਭੋਲੀ
ਦੀਪੀ ਭੱਜੀ ਆਈ ।

ਕਿਸੇ ਨੇ ਲਿੱਤਾ ਲਾਲ ਗੁਬਾਰਾ
ਕਿਸੇ ਨੇ ਹਰਾ, ਪਿਆਜ਼ੀ,
ਵੀਰ ਮੇਰੇ ਨੇ ਨੀਲਾ ਚੁਣਿਆ
ਦੀਪੀ ਲਿਆ ਗੁਲਾਬੀ ।

ਕਈ ਗੁਬਾਰੇ ਭਰੇ ਭਰਾਏ
ਠਾਹ ਠਾਹ ਕਰਕੇ ਫੁੱਟੇ,
ਰੋਣੇ ਵਰਗਾ ਮੂੰਹ ਬਣਾਕੇ
ਰਿੱਕੀ, ਕੁੱਕੀ, ਰੁੱਠੇ ।

ਪੰਜੀ, ਦੱਸੀ ਦੇ ਕੇ ਬੱਚਿਆਂ
ਲਿੱਤੇ ਖ਼ੂਬ ਗੁਬਾਰੇ,
ਧਾਗੇ ਬੰਨ, ਪਤੰਗਾਂ ਵਾਂਗੂੰ
ਲੈਂਦੇ ਫਿਰਨ ਨਜ਼ਾਰੇ ॥



# ਵਿੱਦਿਆ ਦਾ ਗਹਿਣਾ

ਇਕ ਗਹਿਣਾ ਵਿੱਦਿਆ ਦਾ
ਮਾਏ ਮੈਂ ਪਾਉਣਾ ਨੀ,
ਕਿੰਨਾ ਵੱਡਮੁੱਲਾ ਇਹ
ਕੀ ਇਸਦਾ ਕਹਿਣਾ ਨੀ।
ਇਹ ਚਾਨਣ ਜੀਵਨ ਦਾ
ਉਮਰਾਂ ਦਾ ਗਹਿਣਾ ਨੀ
ਨਾ ਚੋਰ ਚੁਰਾ ਸਕੇ
ਨਾ ਕੋਈ ਲਾਹ ਸਕੇ।

ਵਿੱਦਿਆ ਦੇ ਬਾਝੋਂ ਨੀ
ਚਾਨਣ ਦੇ ਬਾਝੋਂ ਨੀ
ਇਹ ਜੱਗ ਹਨੇਰਾ ਏ
ਦੁੱਖਾਂ ਦਾ ਡੇਰਾ ਏ।
ਵਿੱਦਿਆ ਇਕ ਭਗਤੀ ਏ
ਸੱਚੀ ਇਕ ਸ਼ਕਤੀ ਏ
ਮਿਹਨਤ ਜੋ ਕਰ ਜਾਵੇ
ਜੀਵਨ ਵਿਚ ਤਰ ਜਾਵੇ।

ਇਕ ਗਹਿਣਾ ਵਿੱਦਿਆ ਦਾ
ਮਾਏ ਮੈਂ ਪਾਉਣਾ ਨੀ॥

# ਰੱਖੜੀ

ਮੇਰੇ ਸੁਹਣੇ ਵੀਰਿਆ ਬਨ੍ਹਾ, ਲੈ ਰੱਖੜੀ,
ਖ਼ੁਸ਼ੀਆਂ ਦੇ ਨਾਲ ਤੂੰ ਸਜਾ ਲੈ ਰੱਖੜੀ ।

ਮੰਗਾਂ ਤੇਰੀ ਖ਼ੈਰ ਮੈਂ ਸਦਾ ਹੀ ਵੀਰਿਆ,
ਭੈਣ ਦਾ ਪਿਆਰ ਸੁੱਚਾ ਹੁੰਦਾ ਹੀਰਿਆ ।
ਰੱਖੜੀ ਦੀ ਤੰਦ ਵਿਚ ਰੀਝਾਂ ਮੇਰੀਆਂ,
ਜੱਗ ਤੇ ਮਹਾਨ ਗੱਲਾਂ ਹੋਣ ਤੇਰੀਆਂ ।
ਸੁਹਣੇ ਜਿਹੇ ਗੁੱਟ ਤੇ ਸਜਾ ਲੈ ਰੱਖੜੀ,
ਮੇਰੇ ਸੁਹਣੇ ਵੀਰਿਆ ਬਨ੍ਹਾ, ਲੈ ਰੱਖੜੀ ।

ਵੱਖ ਵੱਖ ਰੰਗ ਨੇ ਪਿਆਰੇ ਲਗਦੇ,
ਸੁਖੀ ਰਹਿਣ ਦੁਨੀਆਂ 'ਚ ਵੀਰ ਸਭਦੇ ।
ਸ਼ਗਨ ਮਨਾਉਣ ਭੈਣਾਂ ਨਾਲ ਚਾਵਾਂ ਦੇ,
ਖੱਟਦੇ ਨੇ ਨਾਮ ਚੰਗਾ ਪੁੱਤ ਮਾਵਾਂ ਦੇ ।
ਸੀਨੇ ਨਾਲ ਆਪਣੇ ਤੂੰ ਲਾ ਲੈ ਰੱਖੜੀ ,
ਮੇਰੇ ਸੁਹਣੇ ਵੀਰਿਆ ਬਨ੍ਹਾ, ਲੈ ਰੱਖੜੀ ।

ਵੀਰ ਲੋਚੇ ਭੈਣ ਰਹੇ ਸੁਖੀ ਵੱਸਦੀ,
ਜ਼ਿੰਦਗੀ 'ਚ ਸਦਾ ਰਹੇ ਦਿਲੋਂ ਹੱਸਦੀ ।
ਭੈਣ ਲਈ ਵੀਰ ਅਣਖੀਲੀ ਢਾਲ ਵੇ,
ਦੇਸ਼ ਦੀ ਵੀ ਸ਼ਾਨ ਉੱਚੀ ਵੀਰਾਂ ਨਾਲ ਵੇ ।
ਆ ਜਾ ਮੇਰੇ ਵੀਰਿਆ ਬਨ੍ਹਾ, ਲੈ ਰੱਖੜੀ,
ਸੁਹਣੇ ਜਿਹੇ ਗੁੱਟ ਤੇ ਸਜਾ ਲੈ ਰੱਖੜੀ ॥

# ਰੁੱਤ ਛੱਲੀਆਂ ਦੀ ਆਈ

ਸਾਡੇ ਖੇਤੀਂ ਮੱਕੀ ਝੂਮੇ,
ਕੋਠੇ - ਕੋਠੇ ਜਿੱਡੀ ਹੋਈ,
ਦੱਬਕੇ ਵਾਹੀ, ਗੋਡੀ ਕੀਤੀ
ਹੋਈ ਖ਼ੂਬ ਨਰੋਈ ।

ਕੱਲੇ ਕੱਲੇ ਟਾਂਡੇ ਉੱਤੇ
ਸਜਕੇ ਬਾਬੂ ਆਏ,
ਪੰਛੀ ਜਿਕੂੰ ਟੀਸੀ ਬੈਠਾ,
ਕਲਗੀ ਸੀਸ ਸਜਾਏ ।

ਹਰ ਟਾਂਡੇ ਦੇ ਅੱਧ ਵਿਚਾਲੇ
ਗੱਠਾਂ ਥਾਵਾਂ ਮੱਲੀਆਂ,
ਰੂਪ ਬਦਲਕੇ ਗੱਠਾਂ ਤਾਈਂ
ਦੋ ਦੋ ਬਣੀਆਂ ਛੱਲੀਆਂ ।

ਸਾਵੇ ਪੜਦੇ ਅੰਦਰ ਛੱਲੀ
ਰੇਸ਼ਮ ਦੀ ਤੰਦ ਕੱਤੇ,
ਖੁਸ਼ੀਆਂ ਨਾਲ ਕਿਸਾਨ ਖੜੋਤਾ
ਮਿਹਨਤ ਦਾ ਫਲ ਤੱਕੇ ।

ਛੱਲੀਆਂ ਲੈਂਦੇ ਟਾਂਡੇ ਸਾਰੇ
ਗੱਲਾਂ ਕਰ ਕਰ ਹਸਦੇ,
ਸਾਵਣ ਭਾਦੋਂ ਬੱਦਲ ਕਾਲੇ
ਜਲ - ਥਲ ਕਰਕੇ ਵਸਦੇ ।

ਹਰ ਛੱਲੀ ਮੋਟੀ ਹੋ ਜਾਂਦੀ
ਭਰ ਜਾਵਣ ਜਦੋਂ ਦਾਣੇ,
ਦੋਧੇ ਦਾਣੇ ਮਿੱਠੇ ਲਗਦੇ
ਚੱਬਣ ਖ਼ੂਬ ਨਿਆਣੇ ।

ਸੋਨੇ ਰੰਗੀਆਂ ਛੱਲੀਆਂ ਤੱਕਕੇ
ਬੱਚਿਆਂ ਖ਼ੁਸ਼ੀ ਮਨਾਈ,
ਆਓ ਸਾਰੇ ਭੁੰਨ ਭੁੰਨ ਖਾਈਏ
ਰੁੱਤ ਛੱਲੀਆਂ ਦੀ ਆਈ ॥



# ਹੋਲੀ ਖ਼ੂਬ ਮਨਾਈਏ

ਹੋਲੀ ਐ ਬਈ ਹੋਲੀ ਐ,
ਗਾਉਂਦੀ ਫਿਰਦੀ ਟੋਲੀ ਐ ।
ਆਓ ਹੋਲੀ ਖ਼ੂਬ ਮਨਾਈਏ,
ਨੱਚੀਏ, ਟੱਪੀਏ, ਭੰਗੜਾ ਪਾਈਏ ।
ਵੱਖੋ ਵੱਖਰੇ ਰੰਗ ਘੋਲੀਏ,
ਇਕ ਦੂਜੇ ਤੇ ਖ਼ੂਬ ਡੋਲ੍ਹੀਏ ।
ਹਰਾ, ਗੁਲਾਬੀ, ਨੀਲਾ, ਲਾਲ,
ਕੋਈ ਮਲਦਾ ਫਿਰੇ ਗੁਲਾਲ ।
ਕੋਈ ਬੋਤਲ ਚੁੱਕੀ ਫਿਰਦਾ,
ਕੋਈ ਟੋਲੀ ਵਿਚ ਆ ਘਿਰਦਾ ।
ਭਰ ਭਰ ਕੇ ਪਿਚਕਾਰੀ ਮਾਰਨ,
ਇਕ ਦੂਜੇ ਤੋਂ ਬਦਲਾ ਤਾਰਨ ।
ਰੰਗ - ਬਰੰਗੇ ਚਿਹਰੇ ਹੱਸਣ,
ਇਕ ਦੂਜੇ ਦੇ ਪਿੱਛੇ ਨੱਸਣ ।
ਸਭ ਦੇ ਕੱਪੜੇ ਟਾਚ - ਮਚ ਹੋਏ,
ਆਖਣ ਸਾਰੇ ਹੋਏ - ਹੋਏ ।
ਵਾਹਵਾ ਰੰਗਾਂ ਦਾ ਤਿਉਹਾਰ,
ਏਦਾਂ ਹੀ ਆਵੇ ਹਰ ਵਾਰ ।
ਹੋਲੀ ਐ ਬਈ ਹੋਲੀ ਐ,
ਰੰਗਾਂ ਦੀ ਹੱਟ ਖੋਲ੍ਹੀ ਐ ॥

## ਸਾਂਝੀ ਛਾਂ

ਸਾਡੇ ਪਿੰਡ ਹੈ ਬੋਹੜ ਦੀ
ਠੰਢੜੀ ਠੰਢੜੀ ਛਾਂ,
ਰਲ ਮਿਲ ਬੈਠਣ ਵਾਸਤੇ
ਇਹ ਹੈ ਸਾਂਝੀ ਥਾਂ।

ਪੱਤਰ ਇਸਦੇ ਸੰਘਣੇ
ਸਾਵੇ ਹਰੇ ਕਚੂਰ,
ਤੱਕਕੇ ਛਾਵਾਂ ਮਿੱਠੜੀ
ਚੜ੍ਹਦਾ ਜਾਏ ਸਰੂਰ।

ਦਾੜ੍ਹੀ ਹੇਠਾਂ ਲਮਕਦੀ
ਇਸਦੇ ਟਾਹਣਾਂ ਨਾਲ,
ਬਾਬਾ ਬੋਹੜ ਆਖਦੇ
ਸਾਰੇ ਪਿੰਡ ਦੇ ਬਾਲ।

ਪੰਛੀ ਇਸਤੇ ਬੈਠਕੇ
ਬੋਲ ਸੁਰੀਲੇ ਗਾਣ,
ਗੋਲਾਂ, ਖਾ ਕੇ ਮਿੱਠੀਆਂ
ਨਾਲ ਖੁਸ਼ੀ ਉੱਡ ਜਾਣ।

ਬੱਚੇ ਏਥੇ ਖੇਡਦੇ
ਰੋਜ਼ ਆੜੀਆਂ ਸੰਗ,
ਇਹ ਨਾ ਕਦੇ ਵੇਖਦਾ
ਜ਼ਾਤ - ਪਾਤ ਤੇ ਰੰਗ।

ਰਾਸ, ਅਖਾੜੇ, ਜਲਸਿਆਂ,
ਦੀ ਬੰਨ੍ਹੀ ਇਸਨੇ ਸ਼ਾਨ,
ਇਹ ਨਾ ਰੱਤੀ ਡੋਲਿਆ
ਆਉਂਦੇ ਰਹੇ ਤੂਫਾਨ ।

ਉਮਰ ਲੰਬੇਰੀ ਏਸਦੀ
ਸੌ ਸਾਲਾਂ ਤੋਂ ਵੱਧ,
ਝੱਲੀ ਧੁੱਪਾਂ ਕੜਕਵੀਂ
ਵਰਖਾ ਵੀ ਬੇਹੱਦ ।

ਜੁੜੀਆਂ ਏਥੇ ਰੌਣਕਾਂ
ਲੈ ਖੁਸ਼ੀਆਂ ਦੀ ਆਸ,
ਜੀਵਨ ਰੁੱਖਾਂ ਨਾਲ ਹੈ
ਪੌਣਾਂ ਨਾਲ ਸਵਾਸ ।

ਸਭਨਾਂ ਨੂੰ ਇਹ ਵੰਡਦਾ
ਖੁਸ਼ੀਆਂ ਦੀ ਗੁਲਜ਼ਾਰ,
ਸ਼ਾਲਾ ! ਥੱਲੇ ਏਸਦੇ
ਲੱਗੀ ਰਹੇ ਬਹਾਰ ॥

# ਬਾਲ - ਗੀਤ

ਡਿਕ ਡਿਕ ਡਿਕ
ਖੇਡਣੀ ਜੇ ਖੇਡ
ਮੇਰੇ ਨਾਲ ਤੂੰ ਮੜਿਕ ।

ਡੂੱਗ ਡੂੱਗ ਡੋ
ਦਾਈ ਆ ਕੇ ਦੇ
ਚੁੱਪ ਚਾਪ ਨਾ ਖੜੋ ।

ਘੂੰ ਘੂੰ ਘੂੰ
ਚੱਲੀਏ ਸਕੂਲ ਹੁਣ
ਮੈਂ- ਅਤੇ ਤੂੰ ।

ਝਰ ਝਰ ਝਰ
ਸੁੰਦਰ ਲਿਖਾਈ ਬੀਬਾ
ਬੈਠਕੇ ਤੂੰ ਕਰ ।

ਟੰਨ ਟੰਨ ਟੰਨ
ਵਿੱਦਿਆ ਜੇ ਪਾਉਣੀ
ਆਖਾ ਗੁਰੂਆਂ ਦਾ ਮੰਨ ।

ਘੰਮ ਘੰਮ ਘੰਮ
ਬਣੀ ਤੂੰ ਮਹਾਨ
ਆਵੀਂ ਦੇਸ਼ ਦੇ ਤੂੰ ਕੰਮ ॥



# ਪੰਛੀ ਪਿਆਰੇ ਲੱਗਦੇ

ਘੁੱਗੀਆਂ, ਗੁਟਾਰਾਂ, ਚਿੜੀਆਂ ਤੇ ਬੱਤਖਾਂ,
ਪੰਛੀ ਮਨਮੋਹਣੇ, ਕੂੰਜਾਂ ਆਉਣ ਕੱਤਕਾਂ ।
ਸਾਉਣ ਦੇ ਮਹੀਨੇ ਮੋਰ ਪੈਲਾਂ ਪਾਂਵਦੇ,
ਤੱਕਕੇ ਜਿਨ੍ਹਾਂ ਨੂੰ ਬੱਚੇ ਗੀਤ ਗਾਂਵਦੇ ।
ਤੋਤਿਆਂ ਦੀ ਡਾਰ ਮਾਰਦੀ ਉਡਾਰੀਆਂ,
ਲੈਣ ਮੁਰਗਾਬੀਆਂ ਤਲਾ 'ਚ ਤਾਰੀਆਂ ।
ਅੰਬਾ ਉੱਤੇ ਕੋਇਲ ਮਿੱਠੀ ਬੋਲੀ ਬੋਲਦੀ,
ਬਾਗਾਂ ਵਿਚ ਰਸਨਾ ਪਿਆਰੀ ਘੋਲਦੀ ।
ਬਿਜੜਾ ਬਣਾਵੇ ਆਲ੍ਹਣਾਂ ਕਮਾਲ ਦਾ,
ਚੱਕੀਰਾਹਾ ਸੁੰਡੀਆਂ ਨੂੰ ਰਹੇ ਭਾਲਦਾ ।
ਚੁਗਦਾ ਕਬੂਤਰ ਸੁੱਕੇ ਰੋੜ ਰੇਤ 'ਚੋਂ,
ਕਾਲਚਿੜੀ ਕੀੜੇ ਕੱਢ ਖਾਵੇ ਖੇਤ 'ਚੋਂ ।
ਨੀਲਕੰਠ ਟਹਿਣੀ ਉੱਤੇ ਖੰਭ ਖੋਲ੍ਹਦਾ,
ਤਿੱਤਰ ਜਾਪੇ ਭਾਂਤੋ - ਭਾਂਤੀ ਬੋਲੀ ਬੋਲਦਾ ।
ਪੰਛੀਆਂ ਦੇ ਨਾਲ ਬਿਰਛ ਬੂਟੇ ਚਹਿਕਦੇ,
ਧਰਤੀ ਤੇ ਫੁੱਲ ਸਦਾ ਰਹਿਣ ਮਹਿਕਦੇ ।
ਪੰਛੀਆ ਤੇ ਦਇਆ ਕਰਨੀ ਨਾ ਭੁੱਲੀਏ,
ਦੁੱਖਾਂ ਵਿਚ ਸਦਾ ਦੂਜਿਆਂ ਤੇ ਡੁੱਲ੍ਹੀਏ ।।

# ਆ ਨੀ ਧੁੱਪੇ

ਆ ਨੀ ਸੋਨੇ ਰੰਗੀਏ ਧੁੱਪੇ
ਠੁਮ ਠੁਮ ਕਰਕੇ ਵਿਹੜੇ ਆ
ਠੁਰ ਠੁਰ ਕਰਦੇ ਲੋਕਾਂ ਤਾਈਂ
ਕੋਸਾ ਕੋਸਾ ਨਿੱਘ ਵਰਤਾਅ ।

ਸਾਰੀ ਰਾਤੀਂ ਪਾਲਾ ਸਹਿਕੇ
ਟਹਿਣੀ ਟਹਿਣੀ ਪੱਤੇ ਕੰਬੇ,
ਠੰਡੀ ਠੰਡੀ ਪੌਣ ਨੇ ਵੱਗਕੇ
ਆਲ੍ਹਣਿਆਂ ਵਿਚ ਬੋਟ ਵੀ ਝੰਬੇ
ਦਗ਼ਦੇ ਸੂਰਜ ਦੇ ਚੁਲ੍ਹੇ 'ਚੋਂ
ਹੁਣ ਤਾਂ ਚੜ੍ਹ ਕੇ ਨਿੱਘ ਲਿਆ,
ਆ ਨੀ ਸੋਨੇ ਰੰਗੀਏ ਧੁੱਪੇ
ਠੁਮ ਠੁਮ ਕਰਕੇ ਵਿਹੜੇ ਆ ।

ਧਰਤੀ ਦਾ ਪਿੰਡਾ ਵੀ ਸੁੱਤਾ ;
ਸਰਦੀ ਦੀ ਚਾਦਰ ਲੈ ਠੰਡੀ,
ਤ੍ਰੇਲ ਬਰਫ਼ ਦੀਆਂ ਡਲੀਆਂ ਵਾਂਗੂੰ
ਘਾਹ ਤੇ ਜੰਮ ਗਈ ਡੰਡੀ ਡੰਡੀ,
ਕੂਲੇ ਫੁੱਲਾਂ ਨੂੰ ਮੁਸਕਾਵਣ
ਧੁੱਪਾਂ ਕਰਕੇ ਖੇਤ ਜਗਾ
ਆ ਨੀ ਸੋਨੇ ਰੰਗੀਏ ਧੁੱਪੇ
ਠੁਮ ਠੁਮ ਕਰਕੇ ਵਿਹੜੇ ਆ ।

ਖੇੜਾ, ਖੁਸ਼ੀਆਂ ਖੈਰਾਂ ਵੰਡਕੇ
ਚੌਹੀਂ ਪਾਸੀਂ ਰੌਣਕ ਕਰਦੇ,
ਪਿੰਡ, ਨਗਰ ਤੇ ਸ਼ਹਿਰਾਂ ਅੰਦਰ
ਚਾਨਣ ਦੇ ਨਾਲ ਗਲੀਆਂ ਭਰਦੇ,
ਭੋਲਾ ਭਾਲਾ ਬਚਪਨ ਆਖੇ
ਸਾਡਾ ਰੁੱਠਿਆ ਦਿਲ ਪਰਚਾਅ,
ਆ ਨੀ ਸੋਨੇ ਰੰਗੀਏ ਧੁੱਪੇ
ਠੁਮ ਠੁਮ ਕਰਕੇ ਵਿਹੜੇ ਆ,
ਠੁਰ ਠੁਰ ਕਰਦੇ ਲੋਕਾਂ ਤਾਈਂ
ਕੋਸਾ ਕੋਸਾ ਨਿੱਘ ਵਰਤਾਅ ॥

# ਸਮੇਂ ਨੂੰ ਸੰਭਾਲ

ਸਮੇਂ ਨੂੰ ਸੰਭਾਲ, ਸਮੇਂ ਨੂੰ ਸੰਭਾਲ ਉਏ,
ਲੋਕ ਸੁਖੀ ਜੀਣ, ਰਹਿਣ ਨਾ ਕੰਗਾਲ ਉਏ ।
ਆਓ ਸੁਹਣੇ ਘਰਾਂ ਦੀ ਉਸਾਰੀ ਕਰੀਏ,
ਖੁਸ਼ੀਆਂ ਬਹਾਰਾਂ ਨਾਲ ਵਿਹੜੇ ਭਰੀਏ ।
ਘਰ ਸਾਫ਼ ਸੁਥਰੇ ਚੰਗੇਰੇ ਲਗਦੇ,
ਫੁੱਲ ਬੂਟੇ ਲਾਏ ਸੱਭੇ ਥਾਈਂ ਸੱਜਦੇ ।
ਮਹਿਕਾਂ ਭਰੀ ਪੌਣ ਚੱਲੇ ਨਾਲ ਨਾਲ ਉਏ,
ਸਮੇਂ ਨੂੰ ਸੰਭਾਲ, ਸਮੇਂ ਨੂੰ ਸੰਭਾਲ ਉਏ ।
ਨਵੀਂ ਖੇਤੀ ਲਈ ਸਿੱਖਿਆ ਦੀ ਲੋੜ ਵੇ,
ਕੱਟਿਆ ਜ਼ਮਾਨਿਆਂ ਨੇ ਨਵਾਂ ਮੋੜ ਵੇ ।
ਖੇਤਾਂ ਵਿਚ ਫਸਲਾਂ ਜੇ ਹੋਣ ਚੰਗੀਆਂ,
ਭੁੱਖ ਤੇ ਗਰੀਬੀ ਭੱਜ ਜਾਣ ਤੰਗੀਆਂ ।
ਭੰਗੜਾ ਤੇ ਗਿੱਧਾ ਫੇਰ ਦੇਣ ਤਾਲ ਉਏ,
ਸਮੇਂ ਨੂੰ ਸੰਭਾਲ, ਸਮੇਂ ਨੂੰ ਸੰਭਾਲ ਉਏ ।
ਛੋਟਾ ਪਰਿਵਾਰ ਸਦਾ ਰਹੇ ਹੱਸਦਾ,
ਫੁੱਲਾਂ ਵਾਂਗੂੰ ਖੇੜਾ ਉਥੇ ਰਹੇ ਵੱਸਦਾ ।
ਚੰਗੀ ਸਿਹਤ ਵਾਲੇ ਬੱਚੇ ਹੋਣ ਮਾਵਾਂ ਦੇ,
ਕਰਨ ਪੜ੍ਹਾਈ ਤਦੇ ਨਾਲ ਚਾਵਾਂ ਦੇ ।
ਕਰਕੇ ਧਿਆਨ ਇਨ੍ਹਾਂ ਤਾਈਂ ਪਾਲ ਉਏ,
ਸਮੇਂ ਨੂੰ ਸੰਭਾਲ, ਸਮੇਂ ਨੂੰ ਸੰਭਾਲ ਉਏ ।

ਸਮਿਆਂ ਦੀ ਮੰਗ ਰੋਕੋ ਵੱਸੋਂ ਵੱਧਦੀ,
ਧਰਤੀ ਸੁਹਾਵੀ ਨਹੀਂ ਰਹਿਣੀ ਹੱਜਦੀ।
ਮਿਲਣੀ ਨਾ ਥਾਂ ਤੇਰੇ ਮੇਰੇ ਪੈਰ ਨੂੰ,
ਤਰਸੇਂਗਾ ਬੰਦਿਆ ਤੂੰ ਏਥੇ ਸੈਰ ਨੂੰ
ਵੱਧਦੀ ਆਬਾਦੀ ਕਰੇ ਮੰਦਾ ਹਾਲ ਉਏ,
ਸਮੇਂ ਨੂੰ ਸੰਭਾਲ, ਸਮੇਂ ਨੂੰ ਸੰਭਾਲ ਉਏ ॥

# ਤਿੱਤਲੀ

ਕਿੰਨੀ ਸੁਹਣੀ ਲਗਦੀ ਤਿੱਤਲੀ,
ਫੁੱਲਾਂ ਤੇ ਜਦ ਪਾਉਂਦੀ ਕਿੱਕਲੀ ।
ਖੰਭ ਏਸਦੇ ਰੰਗ - ਬਿਰੰਗੇ,
ਚਿੱਤਰਕਾਰ ਨੇ ਜਿਵੇਂ ਰੰਗੇ ।
ਕੂਲੇ ਕੂਲੇ ਖੰਭ ਇਹ ਖੋਲ੍ਹੇ,
ਫੁੱਲਾਂ ਤੇ ਬਹਿ ਲੈਵੇ ਝੋਲੇ ।
ਫੁੱਲ ਏਸਨੂੰ ਬੜੇ ਪਿਆਰੇ,
ਉੱਡਦੀ ਫਿਰਦੀ ਲਵੇ ਨਜ਼ਾਰੇ ।
ਫੁੱਲਾਂ ਦਾ ਗਾਉਂਦੀ ਇਹ ਜਸ,
ਚੱਖਦੀ ਰਹਿੰਦੀ ਮਿੱਠਾ ਰਸ ।
ਕਰੇ ਪਰਾਗਣ ਫੁੱਲਾਂ ਨਾਲ,
ਕਰਦੀ ਰਹਿੰਦੀ ਚੰਗੀ ਘਾਲ ।
ਸਭ ਨੂੰ ਭਾਵੇਂ ਇਸਦੀ ਸੂਰਤ,
ਇਹ ਹੈ ਸੁੰਦਰਤਾ ਦੀ ਮੂਰਤ ।
ਬਾਲਕ ਇਸਨੂੰ ਫੜਨਾ ਲੋਚਣ,
ਹੱਥ ਨਾ ਆਵੇ ਖੜਕੇ ਸੋਚਣ ।
ਜੋ ਬਾਲਕ ਸੁਹਣੇ ਬਣ ਸੱਜਦੇ,
ਤਿੱਤਲੀ ਵਾਂਗੂੰ ਪਿਆਰੇ ਲਗਦੇ ।
ਕਿੰਨੀ ਸੁਹਣੀ ਲਗਦੀ ਤਿੱਤਲੀ,
ਫੁੱਲਾਂ ਤੇ ਜਦ ਪਾਉਂਦੀ ਕਿੱਕਲੀ ॥



# ਚਾਨਣ ਦੀਆਂ ਫਲੀਆਂ

ਚੌਹੀਂ ਪਾਸੀਂ ਖਿੰਡ ਜਾਵਣਾ,
ਤੁਸੀਂ ਬਣਕੇ ਸੂਰਜੀ ਫਲੀਆਂ ।
ਗਹਿਣਾ ਵਿੱਦਿਆ ਦਾ ਕੀਮਤੀ ਹੈ ਪਾਈਦਾ,
ਨਿੱਤ ਸਿੱਖਿਆ ਸਕੂਲ ਲੈਣ ਜਾਈਦਾ,
ਸਦਾ ਗੁਰੂਆਂ ਨੂੰ ਸੀਸ ਹੈ ਝੁਕਾਈਂਦਾ।
ਘਰ ਘਰ ਦੀਵੇ ਜੱਗਣੇ
ਕਹਿਣ ਪਿੰਡ ਤੇ ਸ਼ਹਿਰ ਦੀਆਂ ਗਲੀਆਂ
ਚੌਹੀਂ ਪਾਸੀਂ ਖਿੰਡ ਜਾਵਣਾ
ਤੁਸੀਂ ਬਣਕੇ ਸੂਰਜੀ ਫਲੀਆਂ ।
ਬੂਰ ਮਿਹਨਤਾਂ ਦਾ ਫਲ ਹੈ ਲਿਆਂਵਦਾ,
ਗਿਆਨ ਜੱਗ ਵਿਚ ਰੌਸ਼ਨੀ ਖਿੰਡਾਂਵਦਾ,
ਚੰਗਾ ਕੰਮ ਹੀ ਹੈ ਦੂਜਿਆਂ ਨੂੰ ਭਾਂਵਦਾ ।
ਮਹਿਕਾਂ ਵੰਡੋ ਤੁਸੀਂ ਬੱਚਿਓ,
ਬਣ ਸੱਜਰੇ ਫੁੱਲਾਂ ਦੀਆਂ ਕਲੀਆਂ ।
ਚੌਹੀਂ ਪਾਸੀਂ ਖਿੰਡ --------।
ਵਾਂਗ ਕੂੰਜਾਂ ਦੇ ਤੁਸੀਂ ਹੈ ਉੱਡ ਜਾਵਣਾ,
ਲੰਘ ਮੰਜ਼ਿਲਾਂ ਸਥਾਨ ਉੱਚਾ ਪਾਵਣਾ,
ਗੀਤ ਦੇਸ਼ ਦੇ ਪਿਆਰ ਵਾਲਾ ਗਾਵਣਾ ।
ਦਿਲਾਂ 'ਚ ਪ੍ਰੀਤਾਂ ਘੋਲ ਦੇ
ਜਿਵੂੰ ਨਦੀਆਂ ਸਮੁੰਦਰ ਵਿਚ ਰਲੀਆਂ ।
ਚੌਹੀਂ ਪਾਸੀਂ ਖਿੰਡ --------।

ਕਰੇ ਉੱਨਤੀ ਪੰਜਾਬ ਰਹੇ ਵੱਸਦਾ,
ਖੇੜਾ ਰਹਿਮਤਾਂ ਦਾ ਇਥੇ ਰਹੇ ਹੱਸਦਾ,
"ਦਾਊਂ" ਗੀਤ ਹੈ ਤੁਸਾਂ ਨੂੰ ਏਹੋ ਦੱਸਦਾ।
ਵਿੱਦਿਆ ਨੂੰ ਪੜ੍ਹੋ, ਬੱਚਿਓ,
ਬਣ ਜਾਵਣਾ ਸੋਨੇ ਦੀਆਂ ਡਲੀਆਂ।
ਚੌਹੀਂ ਪਾਸੀਂ ਖਿੰਡ ਜਾਵਣਾ,
ਤੁਸੀਂ ਬਣਕੇ ਸੂਰਜੀ ਫਲੀਆਂ॥

# ਸੜਕ ਦੇ ਨਿਯਮ

ਸੜਕ ਉੱਤੇ ਖੱਬੇ ਹੱਥ ਸਦਾ ਚੱਲੀਏ,
ਐਵੇਂ ਨਾ ਟਪੂਸੀ ਮਾਰ ਪਾਸਾ ਮੱਲੀਏ।
ਦੋਵੇਂ ਪਾਸੇ ਵੇਖ ਸੜਕ ਪਾਰ ਕਰੀਏ,
ਬਿਨਾਂ ਸੋਚੇ ਸਮਝੇਂ ਨਾ ਪੈਰ ਧਰੀਏ।
ਚੌਂਕ ਤੇ ਸਿਪਾਹੀ ਦਾ ਇਸ਼ਾਰਾ ਮੰਨੀਏ,
ਲਾਲ - ਬੱਤੀ ਵੇਖਦੇ ਹੀ ਝੱਟ ਥੰਮੀਏ।
ਹਰੀ ਬੱਤੀ ਵੇਖ ਝੱਟ ਅੱਗੇ ਲੰਘੀਏ,
ਦੌੜ ਦੌੜ ਸੜਕ ਤੇ ਨਾ ਐਵੇਂ ਹੰਭੀਏ।
ਬੰਨਕੇ ਕਤਾਰ ਬੱਸ ਵਿਚ ਚੜ੍ਹੀਏ,
ਤਾਕੀ ਵਿਚ ਬੱਸ ਦੇ ਕਦੇ ਨਾ ਖੜ੍ਹੀਏ।
ਬਿਨਾਂ ਟਿਕਟ ਸਫ਼ਰ ਕਦੇ ਨਾ ਕਰੀਏ,
ਦੂਜਿਆਂ ਦੇ ਨਾਲ ਕਦੇ ਵੀ ਨਾ ਲੜੀਏ।
ਫਲ ਖਾ ਕੇ ਛਿਲਕਾ ਨਾ ਰਾਹ ਤੇ ਸੁੱਟੀਏ,
ਦੂਜੇ ਨਾਲ ਦੋਸਤੀ ਦਾ ਹੱਥ ਘੁੱਟੀਏ॥

# ਟੈਲੀਵਿਜ਼ਨ

ਕੱਲ੍ਹ ਬਜ਼ਾਰੋਂ ਮੇਰਾ ਵੀਰਾ
ਟੈਲੀਵਿਜ਼ਨ ਲੈ ਕੇ ਆਇਆ,
ਵਿਹੜੇ ਦੇ ਵਿਚ ਪੋਲ ਗੱਡਕੇ
ਕੋਠੇ ਚੜ੍ਹ, ਅੰਟੀਨਾ ਲਾਇਆ।
ਕਮਰੇ ਦੀ ਇਕ ਸੁਹਣੀ ਨੁੱਕਰੇ,
ਟੈਲੀਵਿਜ਼ਨ ਸੈੱਟ ਸਜਾਇਆ,
ਦੇਣ ਵਧਾਈ ਆਏ ਗੁਆਂਢੀ
ਬੱਚਿਆਂ ਰੌਲਾ ਖ਼ੂਬ ਮਚਾਇਆ।
ਵੀਰ ਮੇਰੇ ਨੇ ਲੱਡੂ ਵੰਡੇ
ਟੈਲੀਵਿਜ਼ਨ ਜਦੋਂ ਚਲਾਇਆ,
ਬੋਲਦੀਆਂ ਤਸਵੀਰਾਂ ਵੇਖਾਂ
ਦਾਦੀ ਦਾ ਵੀ ਜੀਅ ਕਰ ਆਇਆ।

ਜਦ ਖ਼ਬਰਾਂ ਦੀ ਵਾਰੀ ਆਈ
ਵੀਰੇ ਸਭ ਨੂੰ ਚੁੱਪ ਕਰਾਇਆ,
ਚਿੱਤਰਹਾਰ ਜਦ ਵੇਖਣ ਲੱਗੇ
ਗੀਤ ਖੁਸ਼ੀ ਦਾ ਪਿਆਰਾ ਆਇਆ।
ਘਰ ਬੈਠੇ ਹੀ ਮੈਚ ਵੇਖੀਏ
ਵਾਹਵਾ ਟੈਲੀਵਿਜ਼ਨ ਬਣਾਇਆ,
ਕਦੇ ਦਿੱਲੀ ਅਤੇ ਕਦੇ ਜਲੰਧਰ।
ਮਨ ਆਪਣਾ ਮੈਂ ਖ਼ੂਬ ਰਚਾਇਆ

ਭਾਂਤ ਭਾਂਤ ਦੀਆਂ ਤੱਕਕੇ ਝਲਕਾਂ
ਖ਼ੂਬ ਅਸਾਂ ਨੇ ਦਿਲ ਪਰਚਾਇਆ,
ਕੱਲ੍ਹ ਬਜ਼ਾਰੋਂ ਮੇਰਾ ਵੀਰਾ
ਟੈਲੀਵਿਜ਼ਨ ਲੈ ਕੇ ਆਇਆ।

# ਚਾਨਣ ਦਾ ਤਿਉਹਾਰ ਦੀਵਾਲੀ

ਚਾਨਣ ਦਾ ਤਿਉਹਾਰ ਦੀਵਾਲੀ ਆਈ ਏ,
ਸਜੇ ਹੋਏ ਘਰ ਬਾਰ ਦੀਵਾਲੀ ਆਈ ਏ ।
ਵਾਹਵਾ ਖਾਵਾਂਗੇ ਮਠਿਆਈਆਂ,
ਦੁੱਧ, ਦਹੀਂ ਤੇ ਖੀਰ ਮਲਾਈਆਂ ।
ਖੇਲ, ਪਤਾਸੇ ਤੇ ਅਖਰੋਟ,
ਖਿੱਲਾਂ ਦੀ ਰਹਿਣੀ ਨਾ ਤੋਟ ।
ਰੌਣਕ ਲੱਗੀ ਵਿਚ ਬਜ਼ਾਰ,
ਵਾਹਵਾ ਚਾਨਣ ਦਾ ਤਿਉਹਾਰ ।
ਸੇਬ, ਅੰਗੂਰ ਲਵਾਂਗੇ ਕੇਲੇ,
ਵਾਹਵਾ ਚੰਗੇ ਲੱਗਣ ਮੇਲੇ ।
ਲੈ ਕੇ ਆਵਾਂਗੇ ਤਸਵੀਰਾਂ,
ਕਹਿਣਾ ਮੰਨੀਏ ਗੁਰੂਆਂ, ਪੀਰਾਂ ।
ਇਕ ਦੂਜੇ ਨੂੰ ਕਰੋ ਪਿਆਰ,
ਵਾਹਵਾ ਚਾਨਣ ਦਾ ਤਿਉਹਾਰ ।
ਦੀਵੇ ਬਾਲਕੇ ਕੋਠੇ ਧਰੀਏ,
ਚਾਨਣ ਚਾਨਣ ਗਲੀਆਂ ਕਰੀਏ ।
ਲਾਈਏ ਬਲਬ ਰੰਗ - ਬਰੰਗੇ
ਬੁਝਦੇ, ਬਲਦੇ ਲੱਗਣ ਚੰਗੇ ।
ਮੋਮਬੱਤੀਆਂ ਦੀ ਸਜੀ - ਕਤਾਰ,
ਵਾਹਵਾ ਚਾਨਣ ਦਾ ਤਿਉਹਾਰ ।



ਘਰ ਨੂੰ ਰਲਕੇ ਖ਼ੂਬ ਸਜਾਈਏ,
ਸੁਹਣੇ ਸੁਹਣੇ ਕੱਪੜੇ ਪਾਈਏ।
ਆਤਿਸ਼ਬਾਜੀ ਲਿਆਈਏ ਜਾ ਕੇ,
ਠਾਹ ਠਾਹ ਰਾਤੀਂ ਕਰਨ ਪਟਾਕੇ।
ਚੱਲਣ ਫੁੱਲਝੜੀਆਂ ਤੇ ਅਨਾਰ,
ਵਾਹਵਾ ਚਾਨਣ ਦਾ ਤਿਉਹਾਰ ॥

# ਬੱਦਲਾ ਮੇਰਾ ਆੜੀ ਬਣਕੇ

ਕੋਠੇ ਉਤੋਂ ਬੱਦਲ ਲੰਘਣ
ਚਿੱਟੇ ਖੰਭਾਂ ਵਾਂਗੂੰ ਤਰਦੇ,
ਸਾਵਣ ਰੁੱਤੇ ਪੱਲੇ ਭਰ ਭਰ
ਗੜ੍ਹ ਗੜ੍ਹ ਕਰਕੇ ਥੱਲੇ ਵਰ੍ਹਦੇ ।

ਮੈਂ ਵੀ ਉੱਡਦੇ ਬੱਦਲਾਂ ਪਿੱਛੇ
ਖਿੱਚ ਖਿੱਚ ਡੋਰ ਪਤੰਗ ਚੜ੍ਹਾਵਾਂ,
ਕਦੇ ਕਦੇ ਜੀਅ ਏਦਾਂ ਕਰਦਾ
ਬੱਦਲਾਂ ਤੋਂ ਅੱਗੇ ਲੰਘ ਜਾਵਾਂ ।

ਕਦੇ ਕਦੇ ਕੋਈ ਪੰਛੀ ਉੱਡਦਾ
ਬੱਦਲਾਂ ਨਾਲ ਪ੍ਰੀਤਾਂ ਪਾਵੇ,
ਕਦੇ ਕੋਈ ਪੌਣਾਂ ਦਾ ਬੁੱਲਾ
ਕੋਠੇ ਟੱਪਦਾ ਗਾਉਂਦਾ ਜਾਵੇ ।

ਬੱਦਲਾ ਆਪਣੀ ਹਿੱਕੜੀ ਵਿਚੋਂ
ਸਭ ਦੇ ਖੇਤੀਂ ਵਰਖਾ ਕਰਦੇ,
ਬੱਦਲਾ ਮੇਰਾ ਆੜੀ ਬਣਕੇ
ਸੁੱਕੇ ਬੰਜਰ, ਛੱਪੜ ਭਰਦੇ ।

ਮੈਂ ਵੀ ਲੋਚਾਂ ਮਾਰ ਉਡਾਰੀ
ਬੱਦਲਾਂ ਸੰਗ ਗਲਵਕੜੀ ਪਾਉਣਾ,
ਧਰਤੀ ਦੀ ਹਰਿਆਲੀ ਖਾਤਰ
ਅਮਨ ਖੁਸ਼ੀ ਦਾ ਨਗ਼ਮਾ ਗਾਉਣਾ ॥

# ਕਿੱਕਲੀ

(ਕੁੜੀਆਂ ਲਈ)

ਕਿੱਕਲੀ ਕਲੀਰ ਦੀ,
ਇਕ ਭੈਣ ਵੀਰ ਦੀ ।

ਵੀਰ ਭੈਣ ਦੋਵੇਂ ਹੀ
ਸਕੂਲੇ ਪੜ੍ਹਨ ਜਾਣਗੇ,
ਵਿੱਦਿਆ ਦੀ ਪੌੜੀ - ਚੜ੍ਹ
ਰੌਸ਼ਨੀ ਖਿੰਡਾਉਣਗੇ ।

ਨਿੱਕੇ ਨਿੱਕੇ ਹੱਥਾਂ ਤਾਈਂ
ਫੁੱਲ ਬੂਟੇ ਲਾਉਣਗੇ,
ਧਰਤੀ ਦੀ ਹਿੱਕੜੀ ਨੂੰ
ਰੱਜਕੇ ਸਜਾਉਣਗੇ ।

ਪਿੰਡ ਪਿੰਡ ਸ਼ਹਿਰ ਸ਼ਹਿਰ
ਗੱਲ ਏਹੋ ਕਹਿਣਗੇ,
ਜਿਹੜੇ ਘਰ ਬੱਚੇ ਥੋੜ੍ਹੇ,
ਸੁਖੀ ਉਹੀ ਰਹਿਣਗੇ ।

ਭੀੜ ਭੁੱਖ ਨਾਲ ਲੋਕੀਂ
ਦੁੱਖੀ ਬਹੁਤ ਹੋਣਗੇ,
ਧੂੰਏ ਤੇ ਗੁਬਾਰ ਨਾਲ
ਲੋਕੀ ਰੋਗੀ ਹੋਣਗੇ ।

ਵਹਿਮ ਤੇ ਕੁਰੀਤੀਆਂ ਨੂੰ
ਛੱਡ ਜਿਹੜੇ ਜਾਣਗੇ,
ਉਹੀਓ ਘਰ ਸੁੱਖਾਂ ਨਾਲ
ਵੱਸਦੇ ਕਹਾਉਣਗੇ ।
ਕਿੱਕਲੀ ਕਲੀਰ ਦੀ,
ਇਕ ਭੈਣ ਵੀਰ ਦੀ ॥

# ਆਓ ਹਾਣੀਓ

ਆਓ ਹਾਣੀਓ ਮਿਲਕੇ ਗਾਈਏ,
ਹੱਸੀਏ, ਖੇਡੀਏ ਦਿਲ ਪਰਚਾਈਏ ।
ਜਾ ਸਕੂਲੇ ਵਿੱਦਿਆ ਪਾਈਏ,
ਦੇਸ਼ ਦੀ ਉੱਚੀ ਸ਼ਾਨ ਵਧਾਈਏ ।
ਹਿੰਦੂ, ਮੁਸਲਿਮ, ਸਿੱਖ, ਈਸਾਈ,
ਮਿਲਕੇ ਰਹੀਏ ਸਾਰੇ ਭਾਈ ।
ਮਿਲ ਜੁਲ ਸਾਰੇ ਖੁਸ਼ੀ ਮਨਾਈਏ,
ਕੌਮੀ ਏਕੇ ਦੇ ਗੁਣ ਗਾਈਏ ।
ਵੱਡਿਆਂ ਦਾ ਅਸੀਂ ਆਦਰ ਕਰੀਏ,
ਨਿੱਕਿਆਂ ਨਾਲ ਕਦੇ ਨਾ ਲੜੀਏ ।
ਆਓ ਹਾਣੀਓ ਮਿਲਕੇ ਗਾਈਏ,
ਹੱਸੀਏ, ਖੇਡੀਏ ਦਿਲ ਪਰਚਾਈਏ ॥

# ਸਭ ਦਾ ਸਾਂਝਾ - ਨਾਨਕ

ਧੁੰਦ ਮਿਟਾਵਣ, ਜੱਗ ਨੂੰ ਤਾਰਨ,
ਸਭ ਦਾ ਸਾਂਝਾ ਨਾਨਕ ਆਇਆ ।
ਤ੍ਰਿਪਤਾ ਜੰਮਿਆ ਬਾਲ ਨਿਆਰਾ,
ਕਾਲੂ ਜੀ ਦਾ ਪੁੱਤਰ ਪਿਆਰਾ ।
ਵਿਹੜੇ ਖਿੰਡਿਆ ਚਾਨਣ ਤੱਕਕੇ,
ਭੈਣ ਨਾਨਕੀ ਸ਼ੁਕਰ ਮਨਾਇਆ,
ਧੁੰਦ ਮਿਟਾਵਣ, ਜੱਗ ਨੂੰ ਤਾਰਨ,
ਸਭ ਦਾ ਸਾਂਝਾ ਨਾਨਕ ਆਇਆ ।
ਨਨਕਾਣੇ ਦੀ ਮਿੱਟੀ ਜਾਗੀ,
ਕਣ ਕਣ ਇਸਦਾ ਬਣਿਆ ਭਾਗੀ ।
ਹੱਸਣ ਪੌਣਾਂ ਝੂਮ ਝੂਮ ਕੇ
ਰਾਗ ਇਲਾਹੀ ਜਦ ਤੂੰ ਗਾਇਆ ।
ਧੁੰਦ ਮਿਟਾਵਣ, ਜੱਗ ਨੂੰ ਤਾਰਨ,
ਸਭ ਦਾ ਸਾਂਝਾ ਨਾਨਕ ਆਇਆ ।
ਹਿੰਦੂ, ਮੁਸਲਿਮ ਰੱਬ ਦੇ ਜਾਏ,
ਕਰਨ ਚੰਗੇਰਾ ਕੰਮ ਉਹ ਭਾਏ ।
ਊਚ ਨੀਚ ਦਾ ਭੇਦ ਮਿਟਾਵਣ,
ਕਿਰਤੀ ਲਾਲੋ ਦੇ ਘਰ ਧਾਇਆ ।
ਧੁੰਦ ਮਿਟਾਵਣ, ਜੱਗ ਨੂੰ ਤਾਰਨ,
ਸਭ ਦਾ ਸਾਂਝਾ ਨਾਨਕ ਆਇਆ ।

ਤੇਰੇ ਚੋਜ ਨਿਆਰੇ ਡਿੱਠੇ,
ਕੌੜੇ ਰੀਠੇ ਕੀਤੇ ਮਿੱਠੇ ।
ਵਲੀ ਕੰਧਾਰੀ ਹਾਰ ਹੁੱਟਕੇ,
ਚਰਨੀ ਤੇਰੇ ਸੀਸ ਝੁਕਾਇਆ ।
ਧੁੰਦ ਮਿਟਾਵਣ, ਜੱਗ ਨੂੰ ਤਾਰਨ,
ਸਭ ਦਾ ਸਾਂਝਾ ਨਾਨਕ ਆਇਆ ।
ਚਹੁੰ ਕੂੰਟਾਂ ਦੀ ਕੀਤੀ ਫੇਰੀ,
ੴ ਸੀ ਸਿੱਖਿਆ ਤੇਰੀ ।
ਨੂਰ ਇਲਾਹੀ ਤੱਕਕੇ ਤੇਰਾ,
ਜ਼ੁਲਮੀ ਬਾਬਰ ਸ਼ਰਨੀ ਆਇਆ ।
ਧੁੰਦ ਮਿਟਾਵਣ, ਜੱਗ ਨੂੰ ਤਾਰਨ,
ਸਭ ਦਾ ਸਾਂਝਾ ਨਾਨਕ ਆਇਆ ।
ਸੱਚਾ ਸੁੱਚਾ ਮਾਰਗ ਤੇਰਾ
ਜੱਗ ਵਿਚ ਕੀਤਾ ਨਵਾਂ ਸਵੇਰਾ ।
ਗਗਨਾਂ ਦੀ ਤੂੰ 'ਤਾਰ ਆਰਤੀ
ਕੂੜ ਨਿਖੁੱਟੇ ਕਰ ਦਿਖਲਾਇਆ ।
ਧੁੰਦ ਮਿਟਾਵਣ, ਜੱਗ ਨੂੰ ਤਾਰਨ,
ਸਭ ਦਾ ਸਾਂਝਾ ਨਾਨਕ ਆਇਆ ॥

# ਕਿਰਤੀ ਬਾਬਾ

ਨਿੰਮ ਥੱਲੇ ਇਕ ਬਾਬਾ ਬਹਿੰਦਾ,
ਆਪਣੇ ਕੰਮ ਵਿਚ ਲੱਗਾ ਰਹਿੰਦਾ ।
ਸੁਣ ਲੋ ਉਸਦੀ ਤੁਸੀਂ ਕਹਾਣੀ,
ਰੰਬੀ ਉਸਦੀ ਬੜੀ ਪੁਰਾਣੀ ।
ਠੀਕਰ ਵਿਚ ਪਾਣੀ ਦੇ ਨੇੜੇ,
ਛਿੱਤਰਾਂ ਦਾ ਇਕ ਢੇਰ ਚੁਫੇਰੇ ।
ਜੁੱਤੀਆਂ ਗੰਢ ਕੇ ਕਰੇ ਗੁਜ਼ਾਰਾ,
ਉਸਨੂੰ ਆਪਣਾ ਕੰਮ ਪਿਆਰਾ ।
ਕਿਸੇ ਗਾਹਕ ਨੂੰ ਉਹ ਨਾ ਮੋੜੇ,
ਪੈਸੇ ਵੀ ਹੈ ਲੈਂਦਾ ਥੋੜ੍ਹੇ ।
ਸਭ ਨੂੰ ਬੋਲੇ ਨਾਲ ਪਿਆਰ,
ਉਸਨੂੰ ਆਪਣੇ ਕੰਮ ਦੀ ਸਾਰ ।
ਸਾਰੇ ਉਸਨੂੰ ਬਾਬਾ ਕਹਿੰਦੇ,
ਬੱਚੇ ਉਸਦੇ ਕੋਲ ਆ ਬਹਿੰਦੇ ।
ਵਧੀਆ ਕੰਮ, ਸਿਆਣੀ ਗੱਲ,
ਗਾਹਕ ਖੁਸ਼ੀ ਨਾਲ ਆਵਣ ਚੱਲ ।।

# ਥਾਲ

(ਕੁੜੀਆਂ ਲਈ)

ਆ ਨੀ ਸੰਤੀਏ
ਪਾਈਏ ਥਾਲ,
ਬਣੀਏ ਪੜ੍ਹਕੇ
ਚੰਗੇ ਬਾਲ ।


ਬਿਨ ਪੜ੍ਹਿਆਂ ਦਾ
ਮੰਦਾ ਹਾਲ,
ਚੰਗੇ ਚੰਗੇ
ਰੱਖ ਖਿਆਲ ।

ਵਹਿਮਾਂ ਦੇ ਤੂੰ
ਛੱਡ ਜੰਜਾਲ,
ਜੀਵਨ ਦੀ ਤੂੰ
ਕਰ ਸੰਭਾਲ ।

ਰੱਜ ਕੇ ਖਾਵੇ
ਕਰੇ ਜੋ ਘਾਲ
ਰੁੱਖਾਂ ਦੀ ਰਲ
ਕਰੋ ਸੰਭਾਲ ।

ਸਾਡਾ ਜੀਵਨ
ਇਨ੍ਹਾਂ ਨਾਲ
ਭੱਜਣ ਇਥੋਂ,

ਭੁੱਖ ਤੇ ਕਾਲ
ਆਲ ਮਾਲ
ਪੂਰਾ ਹੋਇਆ
ਪਹਿਲਾ ਥਾਲ ॥



# ਸੁਣ ਕੁੱਕੜੂੰ - ਘੜੂੰ

ਕੁੱਕੜੂੰ - ਘੜੂੰ, ਸੁਣ ਕੁੱਕੜੂੰ - ਘੜੂੰ,
ਉੱਠ ਬੀਬਾ ਜਾਗ, ਨਾ ਕਰ ਚੂੰ - ਚੂੰ ।

ਹੋ ਗਿਆ ਸਵੇਰਾ, ਨੇਰ੍ਹਾ ਦੂਰ ਭੱਜਿਆ,
ਕਿਰਨਾਂ ਦਾ ਰੱਥ ਅੰਬਰਾਂ ਤੇ ਗੱਜਿਆ
ਪੌਣ ਫਿਰੇ ਤਾਜ਼ੀ ਸਭ ਨੂੰ ਜਗਾਂਵਦੀ,
ਨੀਂਦਰਾਂ ਨੂੰ ਛੱਡ, ਧੁੱਪ ਚੜ੍ਹੀ, ਵੇਖ ਤੂੰ ।

ਕੁੱਕੜੂੰ - ਘੜੂੰ, ਸੁਣ ਕੁੱਕੜੂੰ - ਘੜੂੰ,
ਉੱਠ ਬੀਬਾ ਜਾਗ, ਨਾ ਕਰ ਚੂੰ - ਚੂੰ ।

ਘਰਾਂ ਵਿਚੋਂ ਧੂੰਆਂ ਵੇਖ ਉੱਚੇ ਜਾਂਵਦਾ,
ਮਿਹਨਤਾਂ ਜੋ ਕਰੇ ਜਿੱਤ ਉਹੀ ਪਾਂਵਦਾ ।
ਗਲੀਆਂ, ਬਜ਼ਾਰਾਂ ਵਿਚ ਹੋਈਆਂ ਰੌਣਕਾਂ
ਦੁੱਧ ਵਾਲਾ ਭਾਈ ਖੜਾ ਕਰੇ ਭੂੰ - ਭੂੰ ।

ਕੁੱਕੜੂੰ - ਘੜੂੰ, ਸੁਣ ਕੁੱਕੜੂੰ - ਘੜੂੰ,
ਉੱਠ ਬੀਬਾ ਜਾਗ, ਨਾ ਕਰ ਚੂੰ - ਚੂੰ ।

ਬਿਰਛਾਂ ਤੇ ਪੰਛੀ ਖੁਸ਼ੀ ਨਾਲ ਚਹਿਕਦੇ,
ਤ੍ਰੇਲ ਧੋਤੇ ਫੁੱਲ ਟਹਿਣੀਆਂ ਤੇ ਮਹਿਕਦੇ ।
ਕਿਰਤੀ ਕਿਸਾਨ ਕੰਮਾਂ ਵੱਲ ਤੁਰ ਪਏ,
ਸਮੇਂ ਤੇ ਸਕੂਲ ਜਾਈਂ ਚਾਵਾਂ ਨਾਲ ਤੂੰ ।

ਕੁੱਕੜੂੰ - ਘੜੂੰ, ਸੁਣ ਕੁੱਕੜੂ - ਘੜੂੰ,
ਉੱਠ ਬੀਬਾ ਜਾਗ, ਨਾ ਕਰ ਚੂੰ - ਚੂੰ ।

ਚੰਗੇ ਬੱਚੇ ਵੇਲੇ ਸਿਰ ਕੰਮ ਕਰਦੇ,
ਔਕੜਾਂ, ਮੁਸੀਬਤਾਂ ਤੋਂ ਨਹੀਓਂ ਡਰਦੇ ।
ਪੜ੍ਹ ਲਿਖ ਬੀਬਾ ਕਰੀਂ ਸੇਵਾ ਦੇਸ਼ ਦੀ,
ਵੱਗਦਾ ਦਰਿਆ ਸਦਾ ਕਰੇ ਸ਼ੂੰ - ਸ਼ੂੰ ।
ਕੁੱਕੜੂੰ - ਘੜੂੰ, ਸੁਣ ਕੁੱਕੜੂ - ਘੜੂੰ,
ਉੱਠ ਬੀਬਾ ਜਾਗ, ਨਾ ਕਰ ਚੂੰ - ਚੂੰ ॥

# ਫੁਲਕਾਰੀ

ਮਾਂ ਮੇਰੀ ਦੀ ਇਕ ਫੁਲਕਾਰੀ,
ਸਾਨੂੰ ਲਗਦੀ ਬਹੁਤ ਪਿਆਰੀ ।
ਮਾਂ ਮੇਰੀ ਨੇ ਤੋਪੇ ਪਾਏ,
ਵੰਨ - ਸਵੰਨੇ ਧਾਗੇ ਲਾਏ ।
ਹਰ ਫੁੱਲ ਜਾਪੇ ਰੀਝਾਂ ਭਰਿਆ,
ਨੇਰ੍ਹੇ ਵਿਚ ਜਿਉਂ ਦੀਵਾ ਧਰਿਆ ।
ਨੀਲੇ, ਪੀਲੇ, ਫੁੱਲ ਅਨਾਰੀ,
ਮਾਂ ਮੇਰੀ ਦੀ ਇਕ ਫੁਲਕਾਰੀ
ਸਾਨੂੰ ਲੱਗਦੀ ਬਹੁਤ ਪਿਆਰੀ ।
ਸੋਨੇ ਰੰਗੀਆਂ ਇਸਦੀਆਂ ਤਾਰਾਂ,
ਧੁੱਪਾਂ ਵਿਚ ਮਾਰਨ ਲਿਸ਼ਕਾਰਾਂ ।
ਵੇਲਾਂ ਬੂਟੇ ਏਦਾਂ ਲਗਦੇ,
ਚਾਨਣ ਦੇ ਦਰਿਆ ਜਿਉਂ ਵਗਦੇ ।
ਖਿੜੀ ਫੁੱਲਾਂ ਦੀ ਜਿਵੇਂ ਕਿਆਰੀ,
ਮਾਂ ਮੇਰੀ ਦੀ ਇਕ ਫੁਲਕਾਰੀ
ਸਾਨੂੰ ਲਗਦੀ ਬਹੁਤ ਪਿਆਰੀ ।
ਜਦ ਖੁਸ਼ੀਆਂ ਦਾ ਮੌਕਾ ਆਵੇ,
ਸਾਨੂੰ ਮਾਂ ਦੀ ਯਾਦ ਸਤਾਵੇ ।
ਮਾਂ ਸੀ ਚਾਨਣ ਦੀ ਫੁਲਕਾਰੀ,
ਸਾਡੇ ਲਈ ਸੁੱਖਾਂ ਦੀ ਖਾਰੀ ।

ਕਰਦੀ ਰਹੀ ਕਸ਼ੀਦਾਕਾਰੀ,
ਮਾਂ ਮੇਰੀ ਦੀ ਇਕ ਫੁਲਕਾਰੀ,
ਸਾਨੂੰ ਲਗਦੀ ਬਹੁਤ ਪਿਆਰੀ ।।

# ਪੇਂਡੂ ਬਚਪਨ ਦੀਆਂ ਯਾਦਾਂ

ਬਚਪਨ ਵੀ ਹੈ ਕੇਹੀ ਉਮਰਾ,
ਖੁਲ੍ਹਾ, ਡੁੱਲ੍ਹਾ, ਖਾਣਾ ਪੀਣਾ ।
    ਖੇੜਾ, ਖੁਸ਼ੀਆਂ, ਰੋਣਾ, ਹੱਸਣਾ
    ਲੜ ਪੈਣਾ ਪਰ ਕੁਝ ਨਾ ਦੱਸਣਾ ।
ਮੈਨੂੰ ਬਚਪਨ ਚੇਤੇ ਆਇਆ,
ਜਦ ਦੀਪੋ ਦੀ ਲਿਵ ਲਿਵ ਕਰਦੀ
ਬੇਰੀ ਤੋਂ ਬੇਰਾਂ ਨੂੰ ਖਾਣਾ ।
    ਕੋਠੇ ਕੋਠੇ ਚੋਰਾਂ ਵਾਂਗੂੰ ਅੱਡੀਆਂ ਪਰਨੇ
    ਬਿਨ੍ਹਾਂ ਬਿੜਕ ਤੋਂ ਲੁਕਣਾ ਛਿਪਣਾ ।
ਕਦੇ ਗੁਆਂਢੀ ਦੀ ਜਾਮਣ ਤੋਂ
ਢਾਂਗੂ ਨਾਲ ਜਾਮਣ ਖਾਣੇ
ਤੇ ਲਿੱਬੜੇ ਹੱਥ ਝੱਗਿਆਂ ਨੂੰ ਲਾਣੇ ।
    ਹੁਣ ਵੀ ਲਾਲ ਕੰਠੀਆਂ ਵਾਲੇ ਤੋਤੇ
    ਉਸ ਜਾਮਣ ਦੀਆਂ ਖੁੱਡਾਂ ਵਿਚ ਲੁਕਦੇ ।
ਤੇ ਮੇਰੀ ਬੱਚੀ ਮੈਨੂੰ ਪੁੱਛੇ ।
ਤੋਤੇ ਖੁੱਡਾਂ ਵਿਚ ਕਿਉਂ ਲੁਕਦੇ?
ਕਦੇ ਪੁੱਛਦੀ ਕਾਵਾਂ ਦੇ ਘਰ ਕਿੱਥੇ ਹੁੰਦੇ?
    ਕਦੇ ਚਿੜੀਆਂ ਦੇ ਪਿੱਛੇ ਨੱਸਣਾ
    ਤੇ ਉਡਣ ਦੀ ਲੋਚਾ ਨੈਣੀ ਭਰਦੀ
    ਕਿੰਨੀ ਅਜੀਬ ਕਹਾਣੀ ਹੁੰਦੀ ।

ਫੇਰ ਕਦੇ ਲਾਡਾਂ ਨਾਲ ਗਾਣਾ
"ਹਾੜੇ ਘੁੱਟ ਪਾਣੀ ਦਾ
ਚਿੜੀ ਤਿਹਾਈ ਮਰਦੀ ਏ ।"
ਕਦੇ ਚੁਪਕਿਆਂ ਹੀ ਚੋਰੀ ਚੋਰੀ
ਪਿਛਵਾੜੇ ਦੀ ਕੰਧੜੀ ਟੱਪਕੇ
ਕੱਚੇ ਅੰਗੂਰ ਤੋੜਕੇ ਖਾਣੇ ਤੇ ਲੜ ਪੈਣਾ ।
ਉਹ ਵੀ ਦਿਨ ਸਨ :-
ਜਦ ਚੜ੍ਹਦੇ ਸੂਰਜ ਵੱਲ ਅੱਖਾਂ ਕਰਕੇ
ਵਿਹੜੇ ਵਿਚ ਖੁਰਲੀ ਤੇ ਬਹਿਣਾ
ਇੰਜ ਲਗਦਾ ਸੀ
ਜਿਵੇਂ ਸਿੰਘਾਸਣ ਤੇ ਕੋਈ ਰਾਣਾ ।
ਖੇਡਾਂ ਕਰ - ਕਰ ਖਿੰਡ - ਪੁੰਡ ਜਾਣਾ
ਤੇ ਗਲੀਆਂ ਵਿਚ ਰੌਲਾ ਪਾਉਣਾ ॥

# ਬੰਦਿਆਂ 'ਚ ਰੱਬ ਵੱਸਦਾ

ਤੇਰੀ ਚਾਰ ਦਿਨਾਂ ਦੀ ਜ਼ਿੰਦਗਾਨੀ
ਬੰਦਿਆਂ ਤੂੰ ਨੇਕੀ ਖੱਟ ਲੈ,
ਐਵੇਂ ਕਰ ਨਾ ਸ਼ਰੀਕਾਂ ਵਾਲਾ ਵੈਰ ਤੂੰ
ਪਿਆਰਾਂ ਨਾਲ ਦਿਨ ਕੱਟ ਲੈ।
ਕਾਹਨੂੰ ਵੰਡਦਾ ਜ਼ਮੀਨ ਘਰ ਸਾਂਝੇ
ਭਾਈਆਂ ਜਿਹੀ ਚੀਜ਼ ਕੋਈ ਨਾ,
ਸਾਂਝਾ ਆਪਣਾ ਪਿਆਰਾ ਭਾਈਚਾਰਾ
ਹੱਥੋਂ ਇਹਨੂੰ ਐਵੇਂ ਖੋਈਂ ਨਾ।
ਜਦੋਂ ਡੁਲ੍ਹਦਾ ਹੈ ਖ਼ੂਨ ਬੇਦੋਸ਼ਾ
ਧਰਤੀ ਦਾ ਦਿਲ ਰੋਂਵਦਾ,
ਐਵੇਂ ਲੜ ਨਾ ਭਰਾਵਾਂ ਨਾਲ ਸੁਹਣਿਆਂ
ਮੁਹੱਬਤਾਂ ਨੂੰ ਕਿਉਂ ਖੋਂਵਦਾ।
ਧੁੱਪ, ਪੌਣ ਦਾ ਧਰਮ ਨਾ ਕੋਈ
ਬੰਦਿਆਂ 'ਚ ਰੱਬ ਵੱਸਦਾ,
ਕੰਮ ਫੁੱਲਾਂ ਦਾ ਸੁਗੰਧੀਆਂ ਦੇਣਾ
ਬੱਚਿਆਂ 'ਚ ਰੱਬ ਹੱਸਦਾ॥

50

## ਇਸ ਸੀਰੀਜ਼ ਦੀਆਂ ਹੋਰ ਪੁਸਤਕਾਂ

1 ਚੰਦਾ ਮਾਮਾ

2. ਫੁੱਲ ਤੇ ਤਿਤਲੀ

3. ਦੋ ਪਰੀਆ

4. ਝੂਟੇ ਮਾਂਈਆਂ

5. ਲਗਰਾਂ

6. ਵਨ-ਸੁਵੰਨੇ ਗੀਤ

ਭਾਸ਼ਾ ਵਿਭਾਗ ਪੰਜਾਬ

9719—ਬਾ.ਗਿ.ਸ਼ਾ. — 1296